Behaviour code for students

Information for students and parents or carers

# ਵਿਦਿਆਰਥੀਆਂ ਲਈ ਵਿਵਹਾਰ ਕੋਡ

## ਵਿਦਿਆਰਥੀਆਂ ਅਤੇ ਮਾਪਿਆਂ ਜਾਂ ਸੰਭਾਲ ਕਰਨ ਵਾਲਿਆਂ ਵਾਸਤੇ ਜਾਣਕਾਰੀ

NSW ਸਰਕਾਰੀ ਸਕੂਲ ਵੱਖ-ਵੱਖ ਹਾਲਾਤਾਂ ਵਿੱਚ ਹਰ ਕਿਸੇ ਲਈ ਸੁਰੱਖਿਅਤ, ਸਹਾਇਕ ਅਤੇ ਜਵਾਬਦੇਹ ਸਿੱਖਣ ਦੇ ਵਾਤਾਵਰਣ ਪ੍ਰਦਾਨ ਕਰਨ ਲਈ ਵਚਨਬੱਧ ਹਨ। ਅਸੀਂ ਰਲ ਮਿਲ ਕੇ ਰਹਿਣ ਵਾਲੇ ਅਤੇ ਸੁਰੱਖਿਅਤ ਵਿਵਹਾਰਾਂ ਨੂੰ ਸਿਖਾਉਂਦੇ ਅਤੇ ਉਦਾਹਰਣ ਬਣਾਉਂਦੇ ਹਾਂ ਜਿੰਨ੍ਹਾਂ ਦੀ ਅਸੀਂ ਆਪਣੇ ਵਿਦਿਆਰਥੀਆਂ ਵਿੱਚ ਕਦਰ ਕਰਦੇ ਹਾਂ।

### NSW ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਤੋਂ ਉਮੀਦ ਕੀਤੀ ਜਾਂਦੀ ਹੈ, ਉਹ ਆਪਣੀ ਸਭ ਤੋਂ ਵਧੀਆ ਯੋਗਤਾ ਅਨੁਸਾਰ, ਇਹ ਕਰਨ:

- ਹੋਰ ਵਿਦਿਆਰਥੀਆਂ, ਆਪਣੇ ਅਧਿਆਪਕਾਂ ਅਤੇ ਸਕੂਲ ਦੇ ਅਮਲੇ ਅਤੇ ਭਾਈਚਾਰੇ ਦੇ ਮੈਂਬਰਾਂ ਪ੍ਰਤੀ ਆਦਰ ਦਿਖਾਉਣਾ
- ਸਕੂਲ ਅਤੇ ਜਮਾਤ ਦੇ ਨਿਯਮਾਂ ਦੀ ਪਾਲਣਾ ਕਰਨਾ ਅਤੇ ਆਪਣੇ ਅਧਿਆਪਕਾਂ ਦੀਆਂ ਹਦਾਇਤਾਂ ਦੀ ਪਾਲਣਾ ਕਰਨਾ
- ਸਿੱਖਣ ਵਿੱਚ ਸਭ ਤੋਂ ਉੱਚੇ ਮਿਆਰਾਂ ਲਈ ਯਤਨ ਕਰਨਾ
- ਨਿਮਰ ਅਤੇ ਸਤਿਕਾਰਯੋਗ ਤਰੀਕੇ ਨਾਲ ਕੰਮ ਕਰਨਾ ਜੋ ਸਕੂਲ ਭਾਈਚਾਰੇ ਦੇ ਸਾਰੇ ਮੈਂਬਰਾਂ ਨੂੰ ਮਹੱਤਵਪੂਰਣ, ਸ਼ਮੂਲੀਅਤ ਵਾਲਾ ਅਤੇ ਸਹਿਯੋਗ ਵਾਲਾ ਮਹਿਸੂਸ ਕਰਵਾਉਂਦਾ ਹੈ
- ਟਕਰਾਅ ਨੂੰ ਆਦਰ, ਸ਼ਾਂਤੀ ਅਤੇ ਨਿਰਪੱਖ ਤਰੀਕੇ ਨਾਲ ਹੱਲ ਕਰਨਾ
- ਸਕੂਲ ਦੀ ਸਹਿਮਤ ਹੋਈ ਵਰਦੀ ਜਾਂ ਕੱਪੜੇ ਪਾਉਣ ਦੀ ਨੀਤੀ ਅਨੁਸਾਰ ਚੱਲਣਾ
- ਹਰ ਰੋਜ਼ ਸਕੂਲ ਆਉਣਾ (ਜਦੋਂ ਤੱਕ ਕਿ ਕਾਨੂੰਨੀ ਤੌਰ 'ਤੇ ਛੋਟ ਨਹੀਂ ਮਿਲੀ ਹੋਈ)
- ਸਾਰੇ ਸਮਾਨ ਦਾ ਆਦਰ ਕਰੋ
- ਸੁਰੱਖਿਅਤ ਰਹੋ ਅਤੇ ਹਿੰਸਕ ਨਾ ਬਣੋ ਜਾਂ ਸਾਡੇ ਸਕੂਲਾਂ ਵਿੱਚ ਹਥਿਆਰ, ਗੈਰ-ਕਾਨੂੰਨੀ ਨਸ਼ੀਲੇ ਪਦਾਰਥ, ਸ਼ਰਾਬ, ਵੇਪ, ਈ-ਸਿਗਰਟ ਜਾਂ ਤੰਬਾਕੂ ਨਾ ਲਿਆਓ
- ਸਾਡੇ ਸਕੂਲਾਂ ਵਿੱਚ ਕਿਸੇ ਨੂੰ ਵੀ ਨਾ ਧਮਕਾਓ, ਪਰੇਸ਼ਾਨ ਨਾ ਕਰੋ, ਨਾ ਡਰਾਓ ਜਾਂ ਭੇਦਭਾਵ ਨਾ ਕਰੋ।

ਸਕੂਲ ਅਜਿਹੇ ਵਿਵਹਾਰ ਦੇ ਜਵਾਬ ਵਿੱਚ ਕਾਰਵਾਈ ਕਰਦੇ ਹਨ ਜੋ ਆਪਣੇ ਆਪ ਜਾਂ ਦੂਜਿਆਂ ਲਈ ਜਾਂ ਉੱਚ ਗੁਣਵੱਤਾ ਵਾਲੇ ਅਧਿਆਪਨ ਅਤੇ ਸਿੱਖਣ ਲਈ ਨੁਕਸਾਨਦੇਹ ਹੈ।

### ਸਾਰੇ ਵਿਦਿਆਰਥੀਆਂ ਨੂੰ ਇਹ ਅਧਿਕਾਰ ਹੈ:

- ਸਕੂਲ ਵਿੱਚ ਸੁਰੱਖਿਆ ਦਾ
- ਉਨ੍ਹਾਂ ਦੁਆਰਾ ਸਿੱਖਣ ਤੱਕ ਪਹੁੰਚ ਕਰਨਾ ਅਤੇ ਪੂਰੀ ਤਰ੍ਹਾਂ ਹਿੱਸਾ ਲੈਣਾ ਦਾ
- ਹੋਰ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਦੇ ਅਮਲੇ ਦੁਆਰਾ ਆਦਰ ਨਾਲ ਵਿਵਹਾਰ ਕੀਤਾ ਜਾਵੇ
- ਆਪਣੇ ਵਿਚਾਰ ਪ੍ਰਗਟ ਕਰਨ, ਟੀਚੇ ਨਿਰਧਾਰਤ ਕਰਨ ਅਤੇ ਸਵੈ-ਵਕਾਲਤ ਕਰਨ ਦਾ।

ਮੁੱਖ-ਅਧਿਆਪਕ ਅਤੇ ਸਕੂਲ ਦਾ ਅਮਲਾ, ਆਪਣੇ ਪੇਸ਼ੇਵਰ ਫ਼ੈਸਲੇ ਦੀ ਵਰਤੋਂ ਕਰਦਿਆਂ, ਅਨੁਸ਼ਾਸਨ ਬਣਾਈ ਰੱਖਣ ਅਤੇ ਸੁਰੱਖਿਅਤ, ਸਹਾਇਕ ਅਤੇ ਜਵਾਬਦੇਹ ਸਿੱਖਣ ਦੇ ਵਾਤਾਵਰਣ ਪ੍ਰਦਾਨ ਕਰਨ ਲਈ ਸਭ ਤੋਂ ਵਧੀਆ ਸਥਿਤੀ ਵਿੱਚ ਹਨ ਅਤੇ ਜਦੋਂ ਵਿਦਿਆਰਥੀ ਇਨ੍ਹਾਂ ਉਮੀਦਾਂ ਨੂੰ ਪੂਰਾ ਨਹੀਂ ਕਰ ਰਹੇ ਹੁੰਦੇ ਹਨ ਤਾਂ ਉਹ ਉਚਿਤ ਕਾਰਵਾਈ ਕਰਦੇ ਹਨ।

ਵਿਭਾਗ, ਨੀਤੀ ਦੇ ਢਾਂਚੇ ਅਤੇ ਸਰੋਤਾਂ ਦੀ ਵਿਵਸਥਾ ਲਈ ਜ਼ਿੰਮੇਵਾਰ ਹੈ ਜਿਵੇਂ ਕਿ ਕਾਨੂੰਨੀ ਮੁੱਦਿਆਂ ਦੇ ਬੁਲੇਟਿਨ, ਮਾਹਰ ਸਲਾਹ ਤੱਕ ਪਹੁੰਚ, ਅਤੇ ਪੇਸ਼ੇਵਰ ਸਿਖਲਾਈ ਤਾਂ ਜੋ ਮੁੱਖ-ਅਧਿਆਪਕਾਂ ਅਤੇ ਉਨ੍ਹਾਂ ਦੇ ਅਮਲੇ ਨੂੰ ਉਨ੍ਹਾਂ ਦੇ ਪੇਸ਼ੇਵਰ ਫੈਸਲਿਆਂ ਦੀ ਵਰਤੋਂ ਕਰਨ ਵਿੱਚ ਮਾਰਗ ਦਰਸ਼ਨ ਕੀਤਾ ਜਾ ਸਕੇ।

ਇਸ ਸੰਦਰਭ ਵਿੱਚ, NSW ਸਰਕਾਰ ਅਤੇ ਸਿੱਖਿਆ ਵਿਭਾਗ ਸਥਾਨਕ ਪੱਧਰ 'ਤੇ ਮੁੱਖ-ਅਧਿਆਪਕਾਂ ਅਤੇ ਸਕੂਲ ਅਮਲੇ ਦੇ ਅਧਿਕਾਰਾਂ ਅਤੇ ਫੈਸਲਿਆਂ ਦਾ ਸਮਰਥਨ ਕਰਨਗੇ।

### ਵਿਦਿਆਰਥੀਆਂ ਲਈ ਵਿਵਹਾਰ ਕੋਡ: ਵਿਦਿਆਰਥੀਆਂ ਦੁਆਰਾ ਕਾਰਵਾਈਆਂ

NSW ਸਰਕਾਰੀ ਸਕੂਲਾਂ ਵਿੱਚ ਸਾਰੇ ਵਿਦਿਆਰਥੀਆਂ ਦੀ ਸ਼ਮੂਲੀਅਤ, ਸਿੱਖਣ, ਭਲਾਈ ਅਤੇ ਸੁਰੱਖਿਆ ਨੂੰ ਉਤਸ਼ਾਹਿਤ ਕਰਨਾ ਸਿੱਖਿਆ ਵਿਭਾਗ ਲਈ ਇਕ ਉੱਚ ਤਰਜੀਹ ਹੈ।

ਅਸੀਂ ਆਦਰਯੋਗ, ਸੁਰੱਖਿਅਤ ਅਤੇ ਜੁੜਨ ਵਾਲੇ ਵਿਵਹਾਰ ਲਈ ਸਾਡੇ ਉੱਚ ਮਿਆਰਾਂ ਨੂੰ ਪੂਰਾ ਕਰਨ ਲਈ ਵਿਦਿਆਰਥੀਆਂ ਦੁਆਰਾ ਲੋੜੀਂਦੇ ਹੁਨਰਾਂ ਦੇ ਵਿਕਾਸ ਦਾ ਸਮਰਥਨ ਕਰਨ ਲਈ ਕਈ ਹਾਲਾਤਾਂ ਵਿੱਚ ਅਧਿਆਪਨ ਅਤੇ ਸਿੱਖਣ ਦੀਆਂ ਪਹੁੰਚਾਂ ਨੂੰ ਲਾਗੂ ਕਰਦੇ ਹਾਂ।

**ਉਪਰੋਕਤ ਨਿਰਧਾਰਤ ਉਮੀਦਾਂ ਨੂੰ ਪੂਰਾ ਕਰਨ ਲਈ, NSW ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ, ਆਪਣੀ ਸਭ ਤੋਂ ਵਧੀਆ ਯੋਗਤਾ ਅਨੁਸਾਰ, ਹੇਠ ਲਿਖੇ ਸਿਧਾਂਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ।**

### ਸਤਿਕਾਰ

- ਇਕ ਦੂਜੇ ਨਾਲ ਇੱਜ਼ਤ ਨਾਲ ਪੇਸ਼ ਆਓ।
- ਗੱਲਬਾਤ ਕਰੋ ਅਤੇ ਨਿਮਰਤਾ ਨਾਲ ਵਿਵਹਾਰ ਕਰੋ।
- ਹੋਰ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਦੇ ਅਮਲੇ ਨਾਲ ਰਲ ਮਿਲ ਕੇ ਕੰਮ ਕਰੋ।
- ਸਕਾਰਾਤਮਕ ਅਤੇ ਸਤਿਕਾਰਯੋਗ ਰਿਸ਼ਤੇ ਵਿਕਸਿਤ ਕਰੋ।
- ਦੂਜਿਆਂ ਦੀਆਂ ਦਿਲਚਸਪੀਆਂ, ਯੋਗਤਾ ਅਤੇ ਸਭਿਆਚਾਰ ਦੀ ਕਦਰ ਕਰੋ।
- ਦੂਜੇ ਵਿਦਿਆਰਥੀਆਂ ਦੀਆਂ ਸਿੱਖਣ ਦੀਆਂ ਲੋੜਾਂ ਦਾ ਆਦਰ ਕਰੋ।
- ਸਹਿਮਤ ਹੋਈ ਸਕੂਲ ਦੀ ਵਰਦੀ ਜਾਂ ਕੱਪੜੇ ਪਹਿਨ ਕੇ ਚੰਗੀ ਤਰ੍ਹਾਂ ਤਿਆਰ ਹੋਵੋ।
- ਸਕੂਲ ਦੇ ਸਮਾਨ ਅਤੇ ਅਮਲੇ ਅਤੇ ਹੋਰ ਵਿਦਿਆਰਥੀਆਂ ਦੇ ਸਮਾਨ ਦੀ ਦੇਖਭਾਲ ਕਰੋ।

### ਸੁਰੱਖਿਆ

- ਵਿਵਹਾਰ ਅਤੇ ਜ਼ਾਬਤੇ ਵਾਸਤੇ ਸਕੂਲ ਅਤੇ ਜਮਾਤ ਦੇ ਨਿਯਮਾਂ ਅਤੇ ਉਮੀਦਾਂ ਦੀ ਉਦਾਹਰਣ ਬਣਾਓ ਅਤੇ ਉਨ੍ਹਾਂ ਦੀ ਪਾਲਣਾ ਕਰੋ।
- ਗੱਲਬਾਤ ਕਰੋ ਅਤੇ ਟਕਰਾਅ ਨੂੰ ਹੱਲ ਕਰੋ।
- ਇਸ ਬਾਰੇ ਸੁਚੇਤ ਰਹੋ ਅਤੇ ਇਸ ਗੱਲ ਦੀ ਜ਼ਿੰਮੇਵਾਰੀ ਲਓ ਕਿ ਤੁਹਾਡਾ ਵਿਵਹਾਰ ਅਤੇ ਕਾਰਵਾਈਆਂ ਦੂਜਿਆਂ ਨੂੰ ਕਿਵੇਂ ਪ੍ਰਭਾਵਤ ਕਰਦੀਆਂ ਹਨ।
- ਆਪਣੇ ਆਪ ਅਤੇ ਦੂਜਿਆਂ ਦੀ ਦੇਖਭਾਲ ਕਰੋ।
- ਸੁਰੱਖਿਅਤ ਰਹੋ ਅਤੇ ਦੂਜਿਆਂ ਨੂੰ ਸੁਰੱਖਿਅਤ ਚੋਣਾਂ ਕਰਨ ਵਿੱਚ ਮਦਦ ਕਰੋ ਜੋ ਆਪਣੇ ਆਪ ਨੂੰ ਜਾਂ ਦੂਜਿਆਂ ਨੂੰ ਨੁਕਸਾਨ ਨਹੀਂ ਪਹੁੰਚਾਉਂਦੀਆਂ ਹਨ।

### ਸ਼ਮੂਲੀਅਤ

- ਸਮੇਂ ਸਿਰ ਸਕੂਲ ਅਤੇ ਜਮਾਤ ਵਿੱਚ ਪਹੁੰਚੋ।
- ਹਰ ਸਬਕ ਲਈ ਤਿਆਰ ਰਹੋ।
- ਸਿੱਖਣ ਵਿੱਚ ਸਰਗਰਮੀ ਨਾਲ ਹਿੱਸਾ ਲਓ।
- ਸਿੱਖਣ ਦੇ ਸਭ ਤੋਂ ਉੱਚੇ ਮਿਆਰਾਂ ਨੂੰ ਪ੍ਰਾਪਤ ਕਰਨ ਦੀ ਇੱਛਾ ਰੱਖੋ ਅਤੇ ਕੋਸ਼ਿਸ਼ ਕਰੋ।

### ਟੈਲੀਫ਼ੋਨ ਦੁਭਾਸ਼ੀਆ ਸੇਵਾ

ਜੇ ਤੁਸੀਂ ਵਧੇਰੇ ਜਾਣਕਾਰੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਕੂਲ ਦੇ ਮੁੱਖ-ਅਧਿਆਪਕ ਨੂੰ ਫ਼ੋਨ ਕਰੋ। ਜੇ ਤੁਹਾਨੂੰ ਆਪਣੀ ਪੁੱਛਗਿੱਛ ਵਿੱਚ ਸਹਾਇਤਾ ਲਈ ਦੁਭਾਸ਼ੀਏ ਦੀ ਲੋੜ ਹੈ, ਤਾਂ ਕਿਰਪਾ ਕਰਕੇ ਟੈਲੀਫ਼ੋਨ ਦੁਭਾਸ਼ੀਆ ਸੇਵਾ ਨੂੰ 131 450 'ਤੇ ਫ਼ੋਨ ਕਰੋ ਅਤੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ।

ਔਪਰੇਟਰ ਨੂੰ ਉਹ ਫ਼ੋਨ ਨੰਬਰ ਦੱਸੋ ਜਿਸ ਨੂੰ ਤੁਸੀਂ ਫ਼ੋਨ ਕਰਨਾ ਚਾਹੁੰਦੇ ਹੋ ਅਤੇ ਔਪਰੇਟਰ ਗੱਲਬਾਤ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਲਾਈਨ 'ਤੇ ਦੁਭਾਸ਼ੀਏ ਨੂੰ ਲਿਆਵੇਗਾ। ਇਸ ਸੇਵਾ ਵਾਸਤੇ ਤੁਹਾਡੇ ਕੋਲੋਂ ਕੋਈ ਫ਼ੀਸ ਨਹੀਂ ਲਈ ਜਾਵੇਗੀ।